ਮਿੱਠੇ ਬੱਚੇ:- ਤੁਹਾਨੂੰ ਪੜ੍ਹਾਈ ਪੜ੍ਹਨੀ ਅਤੇ ਪੜ੍ਹਾਉਣੀ ਹੈ , ਇਸ ਵਿੱਚ ਅਸ਼ੀਰਵਾਦ ਦੀ ਗੱਲ ਨਹੀਂ , ਤੁਸੀਂ ਸਭ ਨੂੰ ਇਹ ਹੀ ਦੱਸੋ ਕਿ ਬਾਪ ਨੂੰ ਯਾਦ ਕਰੋ ਤਾਂ ਸਭ ਦੁੱਖ ਦੂਰ ਹੋ ਜਾਣਗੇ "

ਪ੍ਰਸ਼ਨ:- ਮਨੁੱਖਾਂ ਨੂੰ ਕਿਹੜੀ - ਕਿਹੜੀ ਫਿਕਰਾਤ ਹੈ? ਤੁਸੀਂ ਬੱਚਿਆਂ ਨੂੰ ਕੋਈ ਵੀ ਫਿਕਰਾਤ ਨਹੀਂ - ਕਿਓਂ?

ਉੱਤਰ:- ਮਨੁੱਖਾਂ ਨੂੰ ਇਸ ਸਮੇਂ ਫਿਕਰਾਤ ਹੀ ਫਿਕਰਾਤ ਹੈ - ਬੱਚਾ ਬਿਮਾਰ ਹੋਇਆ ਤਾਂ ਫਿਕਰਾਤ, ਬੱਚਾ ਮਰਿਆ ਤਾਂ ਫਿਕਰਾਤ, ਕਿਸੇ ਨੂੰ ਬੱਚਾ ਨਾ ਹੋਇਆ ਤਾਂ ਫਿਕਰਾਤ, ਕਿਸੇ ਨੇ ਅਨਾਜ ਜਾਸਤੀ ਰੱਖਿਆ, ਪੁਲਿਸ ਜਾਂ ਇਨਕਮ ਟੈਕਸ ਵਾਲੇ ਆਏ ਤਾਂ ਫਿਕਰਾਤ… ਇਹ ਹੈ ਹੀ ਡਰਟੀ ਦੁਨੀਆਂ, ਦੁੱਖ ਦੇਣ ਵਾਲੀ। ਤੁਸੀਂ ਬੱਚਿਆਂ ਨੂੰ ਕੋਈ ਫਿਕਰਾਤ ਨਹੀਂ, ਕਿਓਂਕਿ ਤੁਹਾਨੂੰ ਸਤਿਗੁਰੂ ਬਾਬਾ ਮਿਲਿਆ ਹੋਇਆ ਹੈ। ਕਹਿੰਦੇ ਵੀ ਹਨ ਫਿਕਰ ਨਾਲ ਫ਼ਾਰਿਗ਼ ਕੀਂਦਾ ਸਵਾਮੀ ਸਦਗੁਰੂ...। ਹੁਣ ਤੁਸੀਂ ਅਜਿਹੀ ਦੁਨੀਆਂ ਵਿੱਚ ਜਾਂਦੇ ਹੋ ਜਿੱਥੇ ਕੋਈ ਫਿਕਰਾਤ ਨਹੀਂ।

ਗੀਤ:- ਤੂੰ ਪਿਆਰ ਕਾ ਸਾਗਰ ਹੈ…

ਓਮ ਸ਼ਾਂਤੀ। ਮਿੱਠੇ - ਮਿੱਠੇ ਬੱਚਿਆਂ ਨੇ ਗੀਤ ਸੁਣਿਆ। ਅਰਥ ਵੀ ਸਮਝਦੇ ਹਨ, ਸਾਨੂੰ ਵੀ ਮਾਸਟਰ ਪਿਆਰ ਦਾ ਸਾਗਰ ਬਣਨਾ ਹੈ। ਆਤਮਾਵਾਂ ਸਾਰੀਆਂ ਹਨ ਬ੍ਰਦਰ੍ਸ। ਤਾਂ ਬਾਪ ਖ਼ੁਦ ਬ੍ਰਦਰ੍ਸ ਨੂੰ ਕਹਿੰਦੇ ਹਨ, ਜਿਵੇਂ ਮੈਂ ਪਿਆਰ ਦਾ ਸਾਗਰ ਹਾਂ, ਤੁਹਾਨੂੰ ਵੀ ਬਹੁਤ ਪਿਆਰ ਨਾਲ ਚਲਣਾ ਹੈ। ਦੇਵਤਾਵਾਂ ਵਿੱਚ ਬਹੁਤ ਪਿਆਰ ਹੈ, ਕਿੰਨਾ ਉਨ੍ਹਾਂ ਨੂੰ ਪਿਆਰ ਕਰਦੇ ਹਨ, ਭੋਗ ਲਗਾਉਂਦੇ ਹਨ। ਹੁਣ ਤੁਹਾਨੂੰ ਪਵਿੱਤਰ ਬਣਨਾ ਹੈ, ਵੱਡੀ ਗੱਲ ਤਾਂ ਹੈ ਨਹੀਂ। ਇਹ ਬਹੁਤ ਹੀ ਛੀ - ਛੀ ਦੁਨੀਆਂ ਹੈ। ਹਰ ਗੱਲ ਦੀ ਫਿਕਰਾਤ ਰਹਿੰਦੀ ਹੈ। ਦੁੱਖ ਪਿਛਾੜੀ ਦੁਖ ਹੀ ਹੈ। ਇਸ ਨੂੰ ਕਿਹਾ ਜਾਂਦਾ ਹੈ ਦੁਖਧਾਮ। ਪੁਲਿਸ ਜਾਂ ਇਨਕਮ ਟੈਕਸ ਵਾਲੇ ਆਉਂਦੇ ਹਨ, ਕਿੰਨਾ ਮਨੁੱਖਾਂ ਨੂੰ ਹਰਾਸ ਹੋ ਜਾਂਦਾ ਹੈ, ਗੱਲ ਨਾ ਪੁੱਛੋ! ਕਿਸੇ ਨੇ ਅਨਾਜ ਜਾਸਤੀ ਰੱਖਿਆ, ਆਈ ਪੁਲਿਸ, ਪੀਲੇ ਹੋ ਜਾਂਦੇ ਹਨ। ਇਹ ਕਿਵੇਂ ਦੀ ਡਰਟੀ ਦੁਨੀਆਂ ਹੈ। ਨਰਕ ਹੈ ਨਾ। ਸ੍ਵਰਗ ਨੂੰ ਯਾਦ ਵੀ ਕਰਦੇ ਹਨ। ਨਰਕ ਦੇ ਬਾਦ ਸ੍ਵਰਗ, ਸ੍ਵਰਗ ਦੇ ਬਾਦ ਨਰਕ- ਇਹ ਚੱਕਰ ਫਿਰਦਾ ਰਹਿੰਦਾ ਹੈ। ਬੱਚੇ ਜਾਣਦੇ ਹਨ ਹੁਣ ਬਾਪ ਆਏ ਹਨ ਸ੍ਵਰਗਵਾਸੀ ਬਣਾਉਣ। ਨਰਕਵਾਸੀ ਤੋਂ ਸ੍ਵਰਗਵਾਸੀ ਬਣਾਉਂਦੇ ਹਨ। ਉੱਥੇ ਵਿਕਾਰ ਹੁੰਦੇ ਨਹੀਂ ਕਿਓਂਕਿ ਰਾਵਣ ਹੀ ਨਹੀਂ। ਉਹ ਹੈ ਹੀ ਸੰਪੂਰਨ ਨਿਰਵਿਕਾਰੀ ਸ਼ਿਵਾਲਾ। ਇਹ ਹੈ ਵਿਸ਼ਾਲਿਆ। ਹੁਣ ਥੋੜਾ ਠਹਿਰੋ, ਸਭ ਨੂੰ ਪਤਾ ਪੈ ਜਾਵੇਗਾ - ਇਸ ਦੁਨੀਆਂ ਵਿੱਚ ਸੁਖ ਹੈ ਜਾਂ ਦੁੱਖ ਹੈ। ਥੋੜੀ ਹੀ ਅਰਥਕਵੇਕ ਆਦਿ ਹੁੰਦੀ ਹੈ ਤਾਂ ਮਨੁੱਖਾਂ ਦੀ ਕੀ ਹਾਲਤ ਹੋ ਜਾਂਦੀ ਹੈ। ਸਤਯੁਗ ਵਿੱਚ ਫਿਕਰਾਤ ਦੀ ਜ਼ਰਾ ਵੀ ਗੱਲ ਨਹੀਂ। ਇੱਥੇ ਤਾਂ ਫਿਕਰਾਤ ਬਹੁਤ ਹੈ - ਬੱਚਾ ਬਿਮਾਰ ਹੋਇਆ ਫਿਕਰਾਤ, ਬੱਚਾ ਮਰਿਆ ਫਿਕਰਾਤ। ਫਿਕਰਾਤ ਹੀ ਫਿਕਰਾਤ ਹੈ। ਫਿਕਰ ਨਾਲ ਫ਼ਾਰਿਗ਼ ਕੀਂਦਾ ਸਵਾਮੀ।….ਸਭ ਦਾ ਸਵਾਮੀ ਤਾਂ ਇੱਕ ਹੀ ਹੈ ਨਾ। ਤੁਸੀਂ ਸ਼ਿਵਬਾਬਾ ਦੇ ਅੱਗੇ ਬੈਠੇ ਹੋ। ਇਹ ਬ੍ਰਹਮਾ ਕੋਈ ਗੁਰੂ ਨਹੀਂ। ਇਹ ਤਾਂ ਭਾਗਿਆਸ਼ਾਲੀ ਰਥ ਹੈ। ਬਾਪ ਇਸ ਭਗੀਰਥ ਦੁਆਰਾ ਤੁਹਾਨੂੰ ਪੜ੍ਹਾਉਂਦੇ ਹਨ। ਉਹ ਗਿਆਨ ਦਾ ਸਾਗਰ ਹੈ। ਤੁਹਾਨੂੰ ਵੀ ਸਾਰੀ ਨਾਲੇਜ ਮਿਲੀ ਹੈ। ਅਜਿਹਾ ਕੋਈ ਦੇਵਤਾ ਨਹੀਂ ਜਿਸ ਨੂੰ ਤੁਸੀਂ ਨਾ ਜਾਣੋ। ਸੱਚ ਅਤੇ ਝੂਠ ਦੀ ਪਰਖ ਤੁਹਾਨੂੰ ਹੈ। ਦੁਨੀਆਂ ਵਿੱਚ ਕੋਈ ਵੀ ਨਹੀਂ ਜਾਣਦੇ। ਸੱਚਖੰਡ ਸੀ, ਹੁਣ ਹੈ ਝੂਠ ਖੰਡ। ਇਹ ਕਿਸੇ ਨੂੰ ਪਤਾ ਨਹੀਂ ਹੈ - ਸੱਚ ਖੰਡ ਕਦੋਂ ਅਤੇ ਕਿਸ ਨੇ ਸਥਾਪਨ ਕੀਤਾ। ਇਹ ਹੈ ਅਗਿਆਨ ਦੀ ਹਨ੍ਹੇਰੀ ਰਾਤ। ਬਾਪ ਆਕੇ ਰੋਸ਼ਨੀ ਦਿੰਦੇ ਹਨ। ਗਾਉਂਦੇ ਵੀ ਹਨ ਤੁਹਾਡੀ ਗਤ - ਮਤ ਤੁਸੀਂ ਹੀ ਜਾਣੋ। ਉੱਚ ਤੇ ਉੱਚ ਉਹ ਇੱਕ ਹੀ ਹੈ, ਬਾਕੀ ਸਾਰੀ ਹੈ ਰਚਨਾ। ਉਹ ਹੈ ਰਚਤਾ ਬੇਹੱਦ ਦਾ ਬਾਪ। ਉਹ ਹਨ ਹੱਦ ਦੇ ਬਾਪ ਜੋ 2 - 4 ਬੱਚਿਆਂ ਨੂੰ ਰਚਦੇ ਹਨ। ਬੱਚਾ ਨਹੀਂ ਹੋਇਆ ਤਾਂ ਫਿਕਰਾਤ ਹੋ ਜਾਂਦੀ ਹੈ। ਉੱਥੇ ਤਾਂ ਅਜਿਹੀ ਗੱਲ ਨਹੀਂ ਰਹਿੰਦੀ। ਆਯੁਸ਼ਵਾਨ ਭਵ, ਧਨਵਾਨ ਭਵ … ਤੁਸੀਂ ਰਹਿੰਦੇ ਹੋ। ਤੁਸੀਂ ਕੋਈ ਆਸ਼ੀਰਵਾਦ ਨਹੀਂ ਦਿੰਦੇ ਹੋ। ਇਹ ਤਾਂ ਪੜ੍ਹਾਈ ਹੈ ਨਾ। ਤੁਸੀਂ ਹੋ ਟੀਚਰ। ਤੁਸੀਂ ਤਾਂ ਸਿਰਫ ਕਹਿੰਦੇ ਹੋ ਸ਼ਿਵਬਾਬਾ ਨੂੰ ਯਾਦ ਕਰੋ ਤਾਂ ਵਿਕਰਮ ਵਿਨਾਸ਼ ਹੋਣਗੇ। ਇਹ ਵੀ ਟੀਚਿੰਗ ਹੋਈ ਨਾ। ਇਸ ਨੂੰ ਕਿਹਾ ਜਾਂਦਾ ਹੈ ਸਹਿਜ ਯੋਗ ਜਾਂ ਯਾਦ। ਆਤਮਾ ਅਵਿਨਾਸ਼ੀ ਹੈ ਸ਼ਰੀਰ ਵਿਨਾਸ਼ੀ ਹੈ। ਬਾਪ ਕਹਿੰਦੇ ਹਨ ਮੈਂ ਵੀ ਅਵਿਨਾਸ਼ੀ ਹਾਂ। ਤੁਸੀਂ ਮੈਨੂੰ ਬੁਲਾਉਂਦੇ ਹੋ ਕਿ ਆਕੇ ਅਸੀਂ ਪਤਿਤਾਂ ਨੂੰ ਪਾਵਨ ਬਣਾਓ। ਆਤਮਾ ਹੀ ਕਹਿੰਦੀ ਹੈ ਨਾ। ਪਤਿਤ ਆਤਮਾ, ਮਹਾਨ ਆਤਮਾ ਕਿਹਾ ਜਾਂਦਾ ਹੈ। ਪਵਿੱਤਰਤਾ ਹੈ ਤਾਂ ਸੁਖ - ਸ਼ਾਂਤੀ ਵੀ ਹੈ।

ਇਹ ਹੈ ਹੌਲੀਏਸਟ ਆਫ ਹੋਲੀ ਚਰਚ। ਕ੍ਰਿਸ਼ਚਨ ਦੀ ਕੋਈ ਹੋਲੀ ਚਰਚ ਨਹੀਂ ਹੁੰਦੀ। ਉੱਥੇ ਤਾਂ ਵਿਕਾਰੀ ਜਾਂਦੇ ਹਨ। ਇੱਥੇ ਵਿਕਾਰੀ ਨੂੰ ਆਉਣ ਦਾ ਹੁਕਮ ਨਹੀਂ ਹੈ। ਇੱਕ ਕਹਾਣੀ ਵੀ ਹੈ ਨਾ - ਇੰਦਰਸਭਾ ਵਿੱਚ ਕੋਈ ਪਰੀ ਕਿਸੇ ਨੂੰ ਛੁਪਾਕੇ ਲੈ ਗਈ, ਉਨ੍ਹਾਂ ਨੂੰ ਪਤਾ ਪੈ ਗਿਆ ਤਾਂ ਫਿਰ ਉਨ੍ਹਾਂ ਨੂੰ ਸ਼ਰਾਪ ਮਿਲਿਆ ਪੱਥਰ ਬਣ ਜਾਓ। ਇੱਥੇ ਸ਼ਰਾਪ ਆਦਿ ਦੀ ਕੋਈ ਗੱਲ ਨਹੀਂ। ਇੱਥੇ ਤਾਂ ਗਿਆਨ ਬਾਰਿਸ਼ ਹੁੰਦੀ ਹੈ। ਪਤਿਤ ਕੋਈ ਵੀ ਇਸ ਹੋਲੀ - ਪੈਲੇਸ ਵਿੱਚ ਆ ਨਾ ਸਕੇ। ਇੱਕ ਦਿਨ ਇਹ ਵੀ ਹੋਵੇਗਾ, ਹਾਲ ਵੀ ਬਹੁਤ ਵੱਡਾ ਬਣ ਜਾਏਗਾ। ਇਹ ਹੌਲੀਏਸਟ ਆਫ ਹੋਲੀ ਪੈਲੇਸ ਹੈ। ਤੁਸੀਂ ਵੀ ਹੋਲੀ ਬਣਦੇ ਹੋ। ਮਨੁੱਖ ਸਮਝਦੇ ਹਨ ਵਿਕਾਰ ਬਗੈਰ ਸ੍ਰਿਸ਼ਟੀ ਕਿਵੇਂ ਚੱਲੇਗੀ? ਇਹ ਕਿਵੇਂ ਹੋਵੇਗਾ? ਆਪਣੀ ਨਾਲੇਜ ਰਹਿੰਦੀ ਹੈ। ਦੇਵਤਾ ਦੇ ਅੱਗੇ ਕਹਿੰਦੇ ਵੀ ਹਨ ਤੁਸੀਂ ਸ੍ਵਰਗੁਣ ਸੰਪੰਨ ਹੋ, ਅਸੀਂ ਪਾਪੀ ਹਾਂ। ਤਾਂ ਸ੍ਵਰਗ ਹੈ ਹੌਲੀਏਸਟ ਆਫ ਹੋਲੀ। ਉਹ ਹੀ ਫਿਰ 84 ਜਨਮ ਲੈਂਦੇ ਹੌਲੀਏਸਟ ਆਫ ਹੋਲੀ ਬਣਦੇ ਹਨ। ਉਹ ਹੈ ਪਾਵਨ ਦੁਨੀਆਂ, ਇਹ ਹੈ ਪਤਿਤ

ਦੁਨੀਆਂ। ਬੱਚਾ ਆਇਆ ਤਾਂ ਖੁਸ਼ੀ ਮਨਾਉਂਦੇ ਹਨ, ਬਿਮਾਰ ਹੋਇਆ ਤਾਂ ਮੂੰਹ ਪੀਲਾ ਹੋ ਜਾਂਦਾ ਹੈ, ਮਰ ਗਿਆ ਤਾਂ ਇੱਕਦਮ ਪਾਗਲ ਬਣ ਪੈਂਦੇ ਹਨ। ਇੰਝ ਵੀ ਕੋਈ - ਕੋਈ ਹੋ ਜਾਂਦੇ ਹਨ। ਅਜਿਹੇ ਨੂੰ ਵੀ ਲੈ ਆਉਂਦੇ ਹਨ, ਬਾਬਾ ਇਨ੍ਹਾਂ ਦਾ ਬੱਚਾ ਮਰ ਜਾਣ ਨਾਲ ਮੱਥਾ ਖਰਾਬ ਹੋ ਗਿਆ ਹੈ, ਇਹ ਦੁੱਖ ਦੀ ਦੁਨੀਆਂ ਹੈ ਨਾ। ਹੁਣ ਬਾਪ ਸੁਖ ਦੀ ਦੁਨੀਆਂ ਵਿੱਚ ਲੈ ਜਾਂਦੇ ਹਨ। ਤਾਂ ਸ਼੍ਰੀਮਤ ਤੇ ਚਲਣਾ ਚਾਹੀਦਾ ਹੈ। ਗੁਣ ਵੀ ਬਹੁਤ ਚੰਗੇ ਚਾਹੀਦੇ ਹਨ। ਜੋ ਕਰੇਗਾ ਸੋ ਪਾਏਗਾ। ਦੈਵੀ ਕੈਰੇਕ੍ਰਟ੍ਰਸ ਵੀ ਚਾਹੀਦੇ ਹਨ। ਸਕੂਲ ਵਿੱਚ ਰਜਿਸਟਰ ਵਿੱਚ ਕਰੈਕਟਰ ਵੀ ਲਿਖਦੇ ਹਨ। ਕੋਈ ਤਾਂ ਬਾਹਰ ਵਿੱਚ ਧੱਕੇ ਖਾਂਦੇ ਰਹਿੰਦੇ ਹਨ। ਮਾਂ - ਬਾਪ ਦੇ ਨੱਕ ਵਿੱਚ ਦਮ ਕਰ ਦਿੰਦੇ ਹਨ। ਹੁਣ ਬਾਪ ਸ਼ਾਂਤੀਧਾਮ - ਸੁਖਧਾਮ ਵਿੱਚ ਲੈ ਜਾਂਦੇ ਹਨ। ਇਨ੍ਹਾਂ ਨੂੰ ਕਿਹਾ ਜਾਂਦਾ ਹੈ ਟਾਵਰ ਆਫ ਸਾਈਲੈਂਸ ਮਤਲਬ ਸਾਈਲੈਂਸ ਦੀ ਉੱਚਾਈ, ਜਿੱਥੇ ਆਤਮਾਵਾਂ ਨਿਵਾਸ ਕਰਦੀਆਂ ਹਨ ਉਹ ਹੈ ਟਾਵਰ ਆਫ ਸਾਈਲੈਂਸ। ਸੂਖ਼ਸ਼ਮਵਤਨ ਹੈ ਮੂਵੀ, ਉਸ ਦਾ ਸਿਰਫ ਤੁਸੀਂ ਸਾਖਸ਼ਤਕਾਰ ਕਰਦੇ ਹੋ, ਬਾਕੀ ਉਸ ਵਿੱਚ ਕੁਝ ਵੀ ਹੈ ਨਹੀਂ। ਇਹ ਵੀ ਬੱਚਿਆਂ ਨੂੰ ਸਾਖ਼ਸ਼ਾਤਕਾਰ ਹੋਇਆ ਹੈ। ਸਤਯੁਗ ਵਿੱਚ ਬੁੱਢੇ ਹੁੰਦੇ ਨਹੀਂ ਖੁਸ਼ੀ ਨਾਲ ਖੱਲ ਛੱਡ ਦਿੰਦੇ ਹਨ। ਇਹ ਹੈ 84 ਜਨਮਾਂ ਦੀ ਪੁਰਾਣੀ ਖੱਲ। ਬਾਪ ਕਹਿੰਦੇ ਹਨ - ਤੁਸੀਂ ਪਾਵਨ ਸੀ, ਹੁਣ ਪਤਿਤ ਬਣੇ ਹੋ। ਹੁਣ ਬਾਪ ਆਏ ਹਨ ਤੁਹਾਨੂੰ ਪਾਵਨ ਬਣਾਉਣ। ਤੁਸੀਂ ਮੈਨੂੰ ਬੁਲਾਇਆ ਹੈ ਨਾ। ਜੀਵਆਤਮਾ ਹੀ ਪਤਿਤ ਬਣੀ ਹੈ ਫਿਰ ਉਹ ਹੀ ਪਾਵਨ ਬਣੇਗੀ। ਤੁਸੀਂ ਇਸ ਦੇਵੀ - ਦੇਵਤਾ ਘਰਾਣੇ ਦੇ ਸੀ ਨਾ। ਹੁਣ ਆਸੁਰੀ ਘਰਾਣੇ ਦੇ ਹੋ। ਆਸੁਰੀ ਅਤੇ ਈਸ਼ਵਰੀ ਅਥਵਾ ਦੈਵੀ ਘਰਾਣੇ ਵਿੱਚ ਕਿੰਨਾ ਫਰਕ ਹੈ। ਇਹ ਹੈ ਤੁਹਾਡਾ ਬ੍ਰਾਹਮਣ ਕੁਲ। ਘਰਾਣਾ ਡਾਇਨੈਸਟੀ ਨੂੰ ਕਿਹਾ ਜਾਂਦਾ ਹੈ, ਜਿੱਥੇ ਰਾਜ ਹੁੰਦਾ ਹੈ। ਇੱਥੇ ਰਾਜ ਨਹੀਂ ਹੈ। ਗੀਤਾ ਵਿੱਚ ਪਾਂਡਵ ਅਤੇ ਕੌਰਵਾਂ ਦਾ ਰਾਜ ਲਿਖਿਆ ਹੈ ਪਰ ਇਵੇਂ ਹੈ ਨਹੀਂ।

ਤੁਸੀਂ ਤਾਂ ਹੋ ਰੂਹਾਨੀ ਬੱਚੇ। ਬਾਪ ਕਹਿੰਦੇ ਹਨ - ਮਿੱਠੇ ਬੱਚੇ, ਬਹੁਤ - ਬਹੁਤ ਮਿੱਠਾ ਬਣ ਜਾਓ। ਪਿਆਰ ਦੇ ਸਾਗਰ ਬਣ ਜਾਓ। ਦੇਹ - ਅਭਿਮਾਨ ਦੇ ਕਾਰਨ ਹੀ ਪਿਆਰ ਦੇ ਸਾਗਰ ਨਹੀਂ ਬਣਦੇ ਹਨ ਇਸਲਈ ਫਿਰ ਬਹੁਤ ਸਜ਼ਾਵਾਂ ਖਾਣੀਆਂ ਪੈਂਦੀਆਂ ਹੈ। ਫਿਰ ਮੋਚਰਾ ਅਤੇ ਮਾਨੀ। ਸ੍ਵਰਗ ਵਿੱਚ ਤਾਂ ਚਲਣਗੇ ਪਰ ਮੋਚਰਾ ਬਹੁਤ ਖਾਣਗੇ। ਸਜ਼ਾਵਾਂ ਕਿਵੇਂ ਮਿਲਦੀਆਂ ਹਨ, ਉਹ ਵੀ ਤੁਸੀਂ ਬੱਚਿਆਂ ਨੇ ਸਾਖ਼ਸ਼ਾਤਕਾਰ ਕੀਤਾ ਹੈ। ਬਾਬਾ ਤਾਂ ਸਮਝਾਉਂਦੇ ਹਨ ਬਹੁਤ ਪਿਆਰ ਨਾਲ ਚੱਲੋ, ਨਹੀਂ ਤਾਂ ਗੁੱਸੇ ਦਾ ਅੰਸ਼ ਹੋ ਜਾਂਦਾ ਹੈ। ਸ਼ੁਕਰੀਆ ਕਰੋ - ਬਾਪ ਮਿਲਿਆ ਹੈ ਜੋ ਸਾਨੂੰ ਨਰਕ ਤੋਂ ਕੱਢ ਕੇ ਸ੍ਵਰਗ ਵਿੱਚ ਲੈ ਜਾਂਦੇ ਹਨ। ਸਜ਼ਾਵਾਂ ਖਾਣਾ ਤਾਂ ਬਹੁਤ ਖਰਾਬ ਹੈ। ਤੁਸੀਂ ਜਾਣਦੇ ਹੋ ਸਤਯੁਗ ਵਿੱਚ ਹੈ ਪਿਆਰ ਦੀ ਰਾਜਧਾਨੀ। ਪਿਆਰ ਦੇ ਸਿਵਾਏ ਕੁਝ ਵੀ ਨਹੀਂ ਹੈ। ਇੱਥੇ ਤਾਂ ਥੋੜੀ ਗੱਲ ਵਿੱਚ ਸ਼ਕਲ ਬਦਲ ਜਾਂਦੀ ਹੈ। ਬਾਪ ਕਹਿੰਦੇ ਹਨ ਮੈ ਪਤਿਤ ਦੁਨੀਆਂ ਵਿੱਚ ਆਇਆ ਹਾਂ, ਮੈਨੂੰ ਨਿਮੰਤਰਣ ਹੀ ਪਤਿਤ ਦੁਨੀਆਂ ਵਿੱਚ ਦਿੰਦੇ ਹੋ। ਬਾਪ ਫਿਰ ਸਭ ਨੂੰ ਨਿਮੰਤਰਣ ਦਿੰਦੇ ਹਨ - ਅੰਮ੍ਰਿਤ ਪਿਓ। ਵਿਸ਼ ਅਤੇ ਅੰਮ੍ਰਿਤ ਦਾ ਇੱਕ ਕਿਤਾਬ ਨਿਕਲਿਆ ਹੈ। ਕਿਤਾਬ ਲਿਖਣ ਵਾਲੇ ਨੂੰ ਇਨਾਮ ਮਿਲਿਆ ਹੈ, ਨਾਮੀਗ੍ਰਾਮੀ ਹੈ। ਵੇਖਣਾ ਚਾਹੀਦਾ ਹੈ ਕੀ ਲਿਖਿਆ ਹੈ। ਬਾਪ ਤਾਂ ਕਹਿੰਦੇ ਹਨ ਤੁਹਾਨੂੰ ਗਿਆਨ ਅੰਮ੍ਰਿਤ ਪਿਲਾਉਂਦਾ ਹਾਂ, ਤੁਸੀਂ ਫਿਰ ਵਿਸ਼ ਕਿਉਂ ਖਾਂਦੇ ਹੋ? ਰਕਸ਼ਾਬੰਧਨ ਵੀ ਇਸ ਸਮੇਂ ਦਾ ਯਾਦਗਾਰ ਹੈ ਨਾ। ਬਾਪ ਸਭ ਨੂੰ ਕਹਿੰਦੇ ਹਨ ਪ੍ਰਤਿਗਿਆ ਕਰੋ, ਪਵਿੱਤਰ ਬਣਨ ਦੀ, ਇਹ ਅੰਤਿਮ ਜਨਮ ਹੈ। ਪਵਿੱਤਰ ਬਣੋਗੇ, ਯੋਗ ਵਿੱਚ ਰਹੋਗੇ ਤਾਂ ਪਾਪ ਕੱਟ ਜਾਣਗੇ। ਆਪਣੀ ਦਿਲ ਤੋਂ ਪੁੱਛਣਾ ਹੈ, ਅਸੀਂ ਯਾਦ ਵਿੱਚ ਰਹਿੰਦੇ ਹਾ ਜਾਂ ਨਹੀਂ? ਬੱਚੇ ਨੂੰ ਯਾਦ ਕਰ ਖੁਸ਼ ਹੁੰਦੇ ਹਨ ਨਾ। ਇਸਤਰੀ - ਪੁਰਸ਼ ਨੂੰ ਯਾਦ ਕਰ ਖੁਸ਼ ਹੁੰਦੀ ਹੈ ਨਾ। ਇਹ ਕੌਣ ਹੈ? ਭਗਵਾਨੁਵਾਚ, ਨਿਰਾਕਾਰ। ਬਾਪ ਮੈਂ ਇਨ੍ਹਾਂ ਦੇ (ਸ਼੍ਰੀਕ੍ਰਿਸ਼ਨ ਦੇ) 84 ਵੇਂ ਜਨਮ ਬਾਦ ਫਿਰ ਤੋਂ ਸ੍ਵਰਗ ਦਾ ਮਾਲਿਕ ਬਣਾਉਂਦਾ ਹਾਂ। ਹਾਲੇ ਝਾੜ ਛੋਟਾ ਹੈ। ਮਾਇਆ ਦੇ ਤੂਫ਼ਾਨ ਬਹੁਤ ਲੱਗਦੇ ਹਨ। ਇਹ ਸਭ ਬੜੀਆਂ ਗੁਪਤ ਗੱਲਾਂ ਹਨ। ਬਾਪ ਤਾਂ ਕਹਿੰਦੇ ਹਨ ਬੱਚੇ ਯਾਦ ਦੀ ਯਾਤਰਾ ਵਿੱਚ ਰਹੋ ਅਤੇ ਪਵਿੱਤਰ ਰਹੋ। ਇੱਥੇ ਹੀ ਪੂਰੀ ਰਾਜਧਾਨੀ ਸਥਾਪਨ ਹੋ ਜਾਣੀ ਹੈ। ਗੀਤਾ ਵਿੱਚ ਲੜਾਈ ਵਿਖਾਉਂਦੇ ਹਨ। ਪਾਂਡਵ ਪਹਾੜਾਂ ਵਿੱਚ ਗੱਲ ਮਰੇ। ਬਸ ਰਿਜਲਟ ਕੁਝ ਨਹੀਂ।

ਹੁਣ ਤੁਸੀਂ ਬੱਚੇ ਸ੍ਰਿਸ਼ਟੀ ਦੇ ਆਦਿ - ਮੱਧ - ਅੰਤ ਨੂੰ ਜਾਣਦੇ ਹੋ। ਬਾਪ ਗਿਆਨ ਦਾ ਸਾਗਰ ਹੈ ਨਾ। ਉਹ ਹੈ ਸੁਪ੍ਰੀਮ ਸੋਲ। ਆਤਮਾ ਦਾ ਰੂਪ ਕੀ ਹੈ, ਇਹ ਵੀ ਕਿਸੇ ਨੂੰ ਪਤਾ ਨਹੀਂ। ਤੁਹਾਡੀ ਬੁੱਧੀ ਵਿੱਚ ਉਹ ਬਿੰਦੀ ਹੈ। ਤੁਹਾਡੇ ਵਿੱਚ ਵੀ ਪੂਰੀ ਤਰ੍ਹਾਂ ਕੋਈ ਸਮਝਦੇ ਨਹੀਂ ਹਨ। ਫਿਰ ਕਹਿੰਦੇ ਹਨ ਬਿੰਦੀ ਨੂੰ ਕਿਵੇਂ ਯਾਦ ਕਰੀਏ। ਕੁਝ ਵੀ ਨਹੀਂ ਸਮਝਦੇ ਹਨ। ਫਿਰ ਵੀ ਬਾਪ ਕਹਿੰਦੇ ਥੋੜਾ ਵੀ ਸੁਣਦੇ ਹਨ ਤਾਂ ਗਿਆਨ ਦਾ ਵਿਨਾਸ਼ ਨਹੀਂ ਹੁੰਦਾ। ਗਿਆਨ ਵਿੱਚ ਆਕੇ ਫਿਰ ਚਲੇ ਜਾਂਦੇ ਹਨ, ਪਰ ਥੋੜਾ ਵੀ ਸੁਣਦੇ ਹਨ ਤਾਂ ਸ੍ਵਰਗ ਵਿੱਚ ਜਰੂਰ ਆਉਣਗੇ, ਜੋ ਬਹੁਤ ਸੁਣਨਗੇ, ਧਾਰਨ ਕਰਣਗੇ ਤਾਂ ਰਜਾਈ ਵਿੱਚ ਆ ਜਾਣਗੇ। ਥੋੜਾ ਸੁਣਨ ਵਾਲੇ ਪਰਜਾ ਵਿੱਚ ਆਉਣਗੇ। ਰਾਜਧਾਨੀ ਵਿੱਚ ਤਾਂ ਰਾਜਾ - ਰਾਣੀ ਸਭ ਹੁੰਦੇ ਹਨ ਨਾ। ਉੱਥੇ ਵਜੀਰ ਹੁੰਦਾ ਨਹੀਂ, ਇੱਥੇ ਵਿਕਾਰੀ ਰਾਜਿਆਂ ਨੂੰ ਵਜੀਰ ਰੱਖਣਾ ਪੈਂਦਾ ਹੈ। ਬਾਪ ਤੁਹਾਡੀ ਬਹੁਤ ਵਿਸ਼ਾਲ ਬੁੱਧੀ ਬਣਾਉਂਦੇ ਹਨ। ਉੱਥੇ ਵਜੀਰ ਦੀ ਜ਼ਰੂਰਤ ਹੀ ਨਹੀਂ ਰਹਿੰਦੀ। ਸ਼ੇਰ - ਬੱਕਰੀ ਇਕੱਠੇ ਪਾਣੀ ਪੀਂਦੇ ਹਨ। ਤਾਂ ਬਾਪ ਸਮਝਾਉਂਦੇ ਹਨ ਤੁਸੀਂ ਵੀ ਲੂੰਨ - ਪਾਣੀ ਨਾ ਬਣੋ, ਸ਼ੀਰਖੰਡ ਬਣੋ। ਸ਼ੀਰ (ਦੁੱਧ) ਅਤੇ ਖੰਡ (ਚੀਨੀ) ਦੋਨੋ ਚੰਗੀ ਚੀਜ਼ ਹੈ ਨਾ। ਮਤਭੇਦ ਆਦਿ ਕੁਝ ਵੀ ਨਹੀਂ ਰੱਖੋ। ਇੱਥੇ ਤਾਂ ਮਨੁੱਖ ਕਿੰਨਾ ਲੜਦੇ- ਝਗੜਦੇ ਹਨ। ਇਹ ਹੈ ਹੀ ਰੌਰਵ ਨਰਕ। ਨਰਕ ਵਿੱਚ ਗੋਤੇ ਖਾਂਦੇ ਰਹਿੰਦੇ ਹਨ ਬਾਪ ਆਕੇ ਨਿਕਾਲਦੇ ਹਨ। ਨਿਕਲਦੇ - ਨਿਕਲਦੇ ਫਿਰ ਫੱਸ ਪੈਂਦੇ ਹਨ। ਕੋਈ ਤਾਂ ਹੋਰਾਂ ਨੂੰ ਨਿਕਾਲਣ ਜਾਂਦੇ ਹਨ ਤਾਂ ਆਪ ਵੀ ਚਲੇ ਜਾਂਦੇ ਹਨ। ਸ਼ੁਰੂ ਵਿੱਚ ਬਹੁਤਿਆਂ ਨੂੰ ਮਾਇਆ ਰੂਪੀ ਗ੍ਰਾਹ ਨੇ ਫੜ ਲਿੱਤਾ। ਇੱਕਦਮ ਸਾਰਾ ਹੱਪ ਕਰ ਲਿੱਤਾ। ਜ਼ਰਾ ਨਿਸ਼ਾਨ ਵੀ ਨਹੀਂ ਹੈ। ਕਿਸੇ - ਕਿਸੇ ਦੀ ਨਿਸ਼ਾਨੀ ਹੈ ਜੋ ਫਿਰ ਮੁੜ੍ਹ ਆਉਂਦੇ ਹਨ। ਕਈ ਇੱਕਦਮ ਖਤਮ। ਇੱਥੇ ਪ੍ਰੈਕਟੀਕਲ ਸਭ ਕੁਝ ਹੋ ਰਿਹਾ ਹੈ। ਤੁਸੀਂ ਹਿਸਟ੍ਰੀ ਸੁਣੋ ਤਾਂ ਵੰਡਰ ਖਾਓ। ਗਾਇਨ ਹੈ ਤੁਸੀਂ ਪਿਆਰ ਕਰੋ ਜਾਂ ਠੁਕਰਾਓ। ਅਸੀਂ ਤੁਹਾਡੇ ਦਰ ਤੋਂ ਬਾਹਰ ਨਹੀਂ ਨਿਕਲਾਂਗੇ। ਬਾਬਾ ਤਾਂ ਕਦੇ ਜਬਾਨ ਨਾਲ ਵੀ ਅਜਿਹਾ ਕੁਝ ਨਹੀਂ ਕਹਿੰਦੇ ਹਨ। ਕਿੰਨਾ ਪਿਆਰ ਨਾਲ ਪੜ੍ਹਾਉਂਦੇ ਹਨ। ਸਾਹਮਣੇ ਏਮ

ਆਬਜੈਕਟ ਖੜ੍ਹਾ ਹੈ । ਉੱਚ ਤੇ ਉੱਚ ਬਾਪ ਇਹ (ਵਿਸ਼ਨੂੰ) ਬਣਾਉਂਦੇ ਹਨ। ਉਹ ਹੀ ਵਿਸ਼ਨੂੰ ਸੋ ਫਿਰ ਬ੍ਰਹਮਾ ਬਣਦੇ ਹਨ। ਸੈਕਿੰਡ ਵਿੱਚ ਜੀਵਨਮੁਕਤੀ ਮਿਲੀ ਫਿਰ 84 ਜਨਮ ਲੈ ਇਹ ਬਣਿਆ। ਤਤਤ੍ਵਮ। ਤੁਹਾਡੇ ਵੀ ਫੋਟੋ ਨਿਕਾਲਦੇ ਸੀ ਨਾ। ਤੁਸੀਂ ਬ੍ਰਹਮਾ ਦੇ ਬੱਚੇ ਬ੍ਰਾਹਮਣ ਹੋ। ਤੁਹਾਨੂੰ ਤਾਜ ਹੁਣ ਤਾਂ ਹੈ ਨਹੀਂ, ਭਵਿੱਖ ਵਿੱਚ ਮਿਲਣਾ ਹੈ ਇਸਲਈ ਤੁਹਾਡੀ ਉਹ ਫੋਟੋ ਵੀ ਰੱਖੀ ਹੈ। ਬਾਪ ਆਕੇ ਬੱਚਿਆਂ ਨੂੰ ਡਬਲ ਸਿਰਤਾਜ ਬਣਾਉਂਦੇ ਹਨ। ਤੁਸੀਂ ਫੀਲ ਕਰਦੇ ਹੋ ਬਰੋਬਰ ਪਹਿਲੇ ਸਾਡੇ ਵਿੱਚ 5 ਵਿਕਾਰ ਸਨ। (ਨਾਰਦ ਦਾ ਮਿਸਾਲ) ਪਹਿਲੇ - ਪਹਿਲੇ ਭਗਤ ਵੀ ਤੁਸੀਂ ਬਣੇ ਹੋ। ਹੁਣ ਬਾਪ ਕਿੰਨਾ ਉੱਚ ਬਣਾਉਂਦੇ ਹਨ। ਇੱਕਦਮ ਪਤਿਤ ਤੋਂ ਪਾਵਨ। ਬਾਪ ਕੁਝ ਵੀ ਲੈਂਦਾ ਨਹੀਂ ਹੈ। ਸ਼ਿਵਬਾਬਾ ਫਿਰ ਕੀ ਲੈਣਗੇ! ਤੁਸੀਂ ਸ਼ਿਵਬਾਬਾ ਦੀ ਭੰਡਾਰੀ ਵਿੱਚ ਪਾਉਂਦੇ ਹੋ। ਮੈ ਤਾਂ ਟ੍ਰਸਟੀ ਹਾਂ। ਲੈਣ - ਦੇਣ ਦਾ ਹਿਸਾਬ ਸਾਰਾ ਸ਼ਿਵਬਾਬਾ ਨਾਲ ਹੈ। ਮੈ ਪੜ੍ਹਦਾ ਹਾਂ, ਪੜ੍ਹਾਉਂਦਾ ਹਾਂ। ਜਿਸ ਨੇ ਆਪਣਾ ਹੀ ਸਭ ਕੁਝ ਦੇ ਦਿੱਤਾ ਉਹ ਫਿਰ ਲਵੇਗਾ ਕੀ। ਕੋਈ ਵੀ ਚੀਜ਼ ਵਿੱਚ ਮਮਤਵ ਨਹੀਂ ਰਹਿੰਦਾ ਹੈ। ਗਾਉਂਦੇ ਵੀ ਹਨ ਫਲਾਣਾ ਸ੍ਵਰਗ ਪਧਾਰਿਆ। ਫਿਰ ਉਨ੍ਹਾਂ ਨੂੰ ਨਰਕ ਦਾ ਖਾਨ - ਪਾਨ ਆਦਿ ਕਿਉਂ ਖਿਲਾਉਂਦੇ ਹੋ। ਅਗਿਆਨ ਹੈ ਨਾ। ਨਰਕ ਵਿੱਚ ਹਨ ਤਾਂ ਪੁਨਰਜਨਮ ਵੀ ਨਰਕ ਵਿੱਚ ਹੀ ਹੋਵੇਗਾ ਨਾ। ਹੁਣ ਤੁਸੀਂ ਚਲਦੇ ਹੋ ਅਮਰਲੋਕ ਵਿੱਚ। ਇਹ ਬਾਜ਼ੋਲੀ ਹੈ। ਤੁਸੀਂ ਬ੍ਰਾਹਮਣ ਚੋਟੀ ਹੋ ਫਿਰ ਦੇਵਤਾ ਸ਼ਤ੍ਰੀਯ ਬਣੋਗੇ ਇਸਲਈ ਬਾਪ ਸਮਝਾਉਂਦੇ ਹਨ ਬਹੁਤ ਮਿੱਠੇ ਬਣੋ। ਫਿਰ ਵੀ ਨਹੀਂ ਸੁਧਰਦੇ ਤਾਂ ਕਹਿਣਗੇ ਉਨ੍ਹਾਂ ਦੀ ਤਕਦੀਰ। ਆਪਣੇ ਨੂੰ ਹੀ ਨੁਕਸਾਨ ਪਹੁੰਚਾਉਂਦੇ ਹਨ। ਸੁਧਰਦੇ ਹੀ ਨਹੀਂ ਤਾਂ ਈਸ਼ਵਰ ਦੀ ਤਦਬੀਰ ਵੀ ਕੀ ਕਰੇ।

ਬਾਪ ਕਹਿੰਦੇ ਹਨ ਮੈ ਆਤਮਾਵਾਂ ਨਾਲ ਗੱਲ ਕਰ ਰਿਹਾ ਹਾਂ। ਅਵਿਨਾਸ਼ੀ ਆਤਮਾਵਾਂ ਨੂੰ ਅਵਿਨਾਸ਼ੀ ਪਰਮਾਤਮਾ ਬਾਪ ਗਿਆਨ ਦੇ ਰਹੇ ਹਨ। ਆਤਮਾ ਕੰਨਾਂ ਨਾਲ ਸੁਣਦੀ ਹੈ। ਬੇਹੱਦ ਦਾ ਬਾਪ ਇਹ ਨਾਲੇਜ ਸੁਣਾ ਰਹੇ ਹਨ। ਤੁਹਾਨੂੰ ਮਨੁੱਖ ਤੋਂ ਦੇਵਤਾ ਬਣਾਉਂਦੇ ਹਨ। ਰਸਤਾ ਦਿਖਾਉਣ ਵਾਲਾ ਸੁਪ੍ਰੀਮ ਪੰਡਾ ਬੈਠਾ ਹੈ। ਸ਼੍ਰੀਮਤ ਕਹਿੰਦੀ ਹੈ - ਪਵਿੱਤਰ ਬਣੋ, ਮੈਨੂੰ ਯਾਦ ਕਰੋ ਤਾਂ ਤੁਹਾਡੇ ਪਾਪ ਭਸਮ ਹੋ ਜਾਣਗੇ। ਤੁਸੀਂ ਹੀ ਸਤੋਪ੍ਰਧਾਨ ਸੀ। 84 ਜਨਮ ਵੀ ਤੁਸੀਂ ਲਏ ਹਨ। ਬਾਪ ਇਨਾਂ ਹੀ ਸਮਝਾਉਂਦੇ ਹਨ ਤੁਸੀਂ ਸਤੋਪ੍ਰਧਾਨ ਤੋਂ ਹੁਣ ਤਮੋਪ੍ਰਧਾਨ ਬਣੇ ਹੋ, ਹੁਣ ਫਿਰ ਮੈਨੂੰ ਯਾਦ ਕਰੋ। ਇਸ ਨੂੰ ਯੋਗ ਅਗਨੀ ਕਿਹਾ ਜਾਂਦਾ ਹੈ। ਇਹ ਗਿਆਨ ਵੀ ਹੁਣ ਤੁਹਾਨੂੰ ਹੈ। ਸਤਿਯੁਗ ਵਿੱਚ ਕੋਈ ਯਾਦ ਨਹੀਂ ਕਰਦੇ। ਇਸ ਸਮੇਂ ਹੀ ਮੈਂ ਕਹਿੰਦਾ ਹਾਂ - ਮੈਨੂੰ ਯਾਦ ਕਰੋ ਤਾਂ ਤੁਹਾਡੇ ਪਾਪ ਕੱਟ ਜਾਨ ਹੋਰ ਕੋਈ ਰਸਤਾ ਨਹੀਂ। ਇਹ ਸਕੂਲ ਹੈ ਨਾ। ਇਸ ਨੂੰ ਕਿਹਾ ਜਾਂਦਾ ਹੈ ਵਿਸ਼ਵ ਵਿਦਿਆਲਿਆ, ਵਰਲਡ ਯੂਨੀਵਰਸਿਟੀ। ਰਚਤਾ ਅਤੇ ਰਚਨਾ ਦੇ ਆਦਿ - ਮੱਧ - ਅੰਤ ਦਾ ਗਿਆਨ ਹੋਰ ਕੋਈ ਜਾਣਦੇ ਨਹੀਂ। ਸ਼ਿਵਬਾਬਾ ਕਹਿੰਦੇ ਹਨ ਇਨ੍ਹਾਂ ਲਕਸ਼ਮੀ - ਨਾਰਾਇਣ ਵਿੱਚ ਵੀ ਇਹ ਗਿਆਨ ਨਹੀਂ। ਇਹ ਤਾਂ ਪ੍ਰਾਲਬੱਧ ਹੈ ਨਾ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

**1.** ਪਿਆਰ ਦੀ ਰਾਜਧਾਨੀ ਵਿੱਚ ਚਲਣਾ ਹੈ, ਇਸਲਈ ਆਪਸ ਵਿੱਚ ਸ਼ੀਰਖੰਡ ਹੋਕੇ ਰਹਿਣਾ ਹੈ। ਕਦੀ ਵੀ ਲੂਨਪਾਣੀ ਬਣ ਮਤਭੇਦ ਵਿੱਚ ਨਹੀਂ ਆਉਣਾ ਹੈ। ਆਪਣੇ ਆਪ ਨੂੰ ਆਪ ਹੀ ਸੁਧਾਰਨਾ ਹੈ।

**2.** ਦੇਹ - ਅਭਿਮਾਨ ਨੂੰ ਛੱਡ ਮਾਸਟਰ ਪਿਆਰ ਦਾ ਸਾਗਰ ਬਣਨਾ ਹੈ। ਆਪਣੇ ਦੈਵੀ ਕਰੈਕਟਰ ਬਣਾਉਣੇ ਹਨ। ਬਹੁਤ - ਬਹੁਤ ਮਿੱਠਾ ਹੋਕੇ ਚਲਣਾ ਹੈ।

ਵਰਦਾਨ:- ਮਨ ਦੀ ਅਜਾਦੀ ਦਵਾਰਾ ਸ 4 ਵੀ ਆਤਮਾਵਾਂ ਨੂੰ ਸ਼ਾਂਤੀ ਦਾ ਦਾਨ ਦੇਣ ਵਾਲੇ ਮਨਸਾ ਮਹਾਦਾਨੀ ਭਵ।

ਬੰਧੇਲੀਆਂ ਤਨ ਤੋਂ ਭਾਵੇਂ ਪ੍ਰਤੰਤਰ ਹਨ ਲੇਕਿਨ ਮਨ ਤੋਂ ਜੇਕਰ ਸਵਤੰਤਰ ਹਨ ਤਾਂ ਆਪਣੀ ਵ੍ਰਿਤੀ ਦ੍ਵਾਰਾ, ਸ਼ੁੱਧ ਸੰਕਲਪ ਦ੍ਵਾਰਾ ਵਿਸ਼ਵ ਦੇ ਵਾਯੂਮੰਡਲ ਨੂੰ ਬਦਲਣ ਦੀ ਸੇਵਾ ਕਰ ਸਕਦੀਆਂ ਹਨ। ਅੱਜਕਲ ਵਿਸ਼ਵ ਨੂੰ ਜਰੂਰਤ ਹੈ ਮਨ ਦੀ ਸ਼ਾਂਤੀ ਦੀ। ਤਾਂ ਮਨ ਤੋਂ ਸਵਤੰਤਰ ਆਤਮਾ ਮਨਸਾ ਦ੍ਵਾਰਾ ਸ਼ਾਂਤੀ ਦੇ ਵਾਇਬ੍ਰੇਸ਼ਨ ਫੈਲਾ ਸਕਦੀ ਹੈ। ਸ਼ਾਂਤੀ ਦੇ ਸਾਗਰ ਬਾਪ ਦੀ ਯਾਦ ਵਿੱਚ ਰਹਿਣ ਨਾਲ ਆਟੋਮੈਟਿਕ ਸ਼ਾਂਤੀ ਦੀਆਂ ਕਿਰਨਾਂ ਫੈਲਦੀਆਂ ਹਨ। ਇਵੇਂ ਸ਼ਾਂਤੀ ਦਾ ਦਾਨ ਦੇਣ ਵਾਲੇ ਮਹਾਦਾਨੀ ਹਨ।

ਸਲੋਗਨ:- ਪੁਰਸ਼ਾਰਥ ਅਜਿਹਾ ਕਰੋ ਜਿਸ ਨੂੰ ਵੇਖ ਦੂਜਿਆਂ ਆਤਮਾਵਾਂ ਵੀ ਫਾਲੋ ਕਰਨ।

******

ਅਵਿਅਕਤ ਇਸ਼ਾਰੇ **:-** ਹੁਣ ਸੰਪੰਨ ਅਤੇ ਕਰਮਾਤੀਤ ਬਣਨ ਦੀ ਧੁਨ ਲਗਾਓ

ਹਰ ਬ੍ਰਾਹਮਣ ਬਾਪ - ਸਮਾਨ ਚੇਤੰਨ ਚਿੱਤਰ ਬਣੋ, ਲਾਈਟ ਅਤੇ ਮਾਈਟ ਹਾਊਸ ਦੀ ਝਾਕੀ ਬਣੋ। ਸੰਕਲਪ ਸ਼ਕਤੀ ਦਾ, ਸਾਇਲੈਂਸ ਭਾਸ਼ਣ ਤਿਆਰ ਕਰੋ ਅਤੇ ਕਰਮਾਤੀਤ ਸਟੇਜ ਤੇ ਵਰਦਾਨੀ ਮੂਰਤ ਦਾ ਪਾਰਟ ਵਜਾਓ ਤਾਂ ਸੰਪੂਰਨਤਾ ਨੇੜੇ ਆਵੇਗੀ। ਫਿਰ ਸੈਕਿੰਡ

ਤੋਂ ਵੀ ਜਲਦੀ ਜਿੱਥੇ ਕਰਤਵਿਆ ਕਰਵਾਉਣਾ ਹੋਵੇਗਾ ਉਥੇ ਵਾਇਰਲੈਸ ਦੁਆਰਾ ਡਾਇਰੈਕਸ਼ਨ ਦੇ ਸਕੋਗੇ। ਸੈਕਿੰਡ ਵਿਚ ਕਰਮਾਤੀਤ ਸਟੇਜ ਦੇ ਆਧਾਰ ਤੇ ਸੰਕਲਪ ਕੀਤਾ ਅਤੇ ਜਿੱਥੇ ਚਾਹੋ ਉੱਥੇ ਉਹ ਸੰਕਲਪ ਪਹੁੰਚ ਜਾਵੇ।